IDEAS ਅਸਮਰੱਥਾ ਜਾਣਕਾਰੀ ਲਾਈਨ

ਤੁਸੀਂ ਜਾਂ ਕਿਸੇ ਹੋਰ ਨੂੰ ਜਿਸਨੂੰ ਤੁਸੀਂ ਪਿਆਰ ਕਰਦੇ ਹੋ, ਵੇਖਣ, ਸੁਨਣ , ਬੋਲਣ ਲਈ ਸਿੱਖਿਆ ਲੈਣੀ ਜਾਂ ਆਸੇ ਪਾਸੇ ਵਰਤਾਉ ਵਾਸਤੇ ਮਦਦ ਦੀ ਲੋੜ ਪੈ ਸਕਦੀ ਹੈ । ਸਾਡੇ ਪਾਸ ਮਦਦ ਲਈ ਮੁਫਤ ਜਾਣਕਾਰੀ ਹੈ ।ਤੁਸੀਂ ਸਾਨੂੰ 1800 029 904 ਨੰਬਰ ਤੇ ਮੁਫਤ ਫੋਨ ਕਰ ਸਕਦੇ ਹੋ । ਅਸੀਂ ਤੁਹਾਡੀ ਗੱਲ ਪੂਰੇ ਧਿਆਨ ਨਾਲ ਸੁਣਾਂ ਗੇ ।

ਅਸਟਰੇਲੀਆ ਵਿੱਚ ਸਵਾਲ ਪੁੱਛਣ ਦੀ ਕਦਰ ਕੀਤੀ ਜਾਂਦੀ ਹੈ । ਇਕ ਸਭ ਤੋਂ ਸੋਹਣਾਂ ਸਵਾਲ ਹੈ ਜੋ ਤੁਸੀਂ ਪੁੱਛ ਸਕਦੇ ਹੋ : " ਤੁਸੀਂ ਕਿਹੜੀ ਜਾਣਕਾਰੀ ਮੈਨੂੰ ਪ੍ਰਦਾਨ ਕਰ ਸਕਦੇ ਹੋ ਜੋ ਮੇਰੇ ਬੱਚੇ ਨੂੰ , ਮੇਰੇ ਰਿਸ਼ਤੇਦਾਰ ਨੂੰ ਅਤੇ ਪਰਿਵਾਰ ਨੂੰ ਮਦਦ ਕਰ ਸਕਦੀ ਹੈ ?"

ਅਸੀਂ ਤੁਹਾਡੇ ਘੱਰ ਦੇ ਨੇੜੇ ਮਦਦ ਪ੍ਰਾਪਤ ਕਰਣ ਲਈ ਸਹਾਇਤਾ ਕਰ ਸਕਦੇ ਹਾਂ । ਜਿਵੇਂ ਕੀ :

- ਅਸਾਨ ਆਵਾਜਾਈ
- ਨੌਕਰੀ ਲਈ ਆਸਰਾ ਦੇਣਾ
- ਖਾਸ ਸਿੱਖਿਆ
- ਘੱਰ ਵਿੱਚ ਮਦਦ
- ਅਸਮਰੱਥਾ ਦੂਰ ਕਰਨ ਲਈ ਸਾਜ਼ੋ ਸਾਮਾਨ
- ਜੀਵਨ ਜੀਣ ਦੀ ਜਾਚ
- ਛੁੱਟੀ / ਮਨੋਰੰਜਨ ਚੁਣਨ ਦਾ ਅਧਿਕਾਰ
- ਤੁਹਾਡੇ ਅਧਿਕਾਰ ਲਈ ਮਦਦ
- ਅਤੇ ਹੋਰ ਕਈ ਕੁਝ

ਜੇ ਤੁਸੀਂ ਸਾਡੇ ਨਾਲ ਗੱਲ ਕਰਦੇ ਹੋ ਤਾਂ ਅਸੀਂ ਤੁਹਾਡੀ ਗੱਲਾਂ ਨੂੰ ਗੁਪਤ ਰੱਖਾਂ ਗੇ । ਅਸੀਂ ਤੁਹਾਡੇ ਪਰਿਵਾਰ ਨੂੰ ਮੁਫਤ ਆਸਰਾ ਪ੍ਰਦਾਨ ਕਰਾਂ ਗੇ ਅਤੇ ਬਦਲੇ ਵਿੱਚ ਕੋਈ ਮੰਗ ਨਹੀਂ ਕਰਾਂ ਗੇ ।

ਅਸਮਰੱਥਾ ਜਾਂ ਅੰਗਹੀਣਤਾ ਵਿੱਚ ਕੋਈ ਸ਼ਰਮ ਵਾਲੀ ਗੱਲ ਨਹੀਂ ਹੈ । ਕਿਸੇ ਵੀ ਅਸਮਰੱਥ ਵਿੱਅਕਤੀ ਲਈ ਇਹ ਸਭ ਤੋਂ ਚੰਗੀ ਪਰੇਰਨਾ ਹੈ ਕਿ ਸਮਾਜ ਓਨ੍ਹਾਂ ਨੂੰ ਆਦਰ ਨਾਲ ਪਰਵਾਨ ਕਰੇ । ਦੁਨੀਆ ਵਿੱਚ ਅਸਮਰੱਥਾ ਸਾਡੇ ਵਕਤ ਦਾ ਇਕ ਆਮ ਅੰਗ ਹੈ । ਇਹ ਜਰੂਰੀ ਹੈ ਕਿ ਅਸਮਰੱਥ ਵਿੱਅਕਤੀ ਨੂੰ ਛੁਪਾਉਣਾ ਨਾ ਕੀਤਾ ਜਾਵੇ ਜਾਂ ਆਸ਼ਾ ਕੀਤੀ ਜਾਵੇ ਕੀ ਅਸਮਰੱਥਤਾ ਆਪੇ ਠੀਕ ਹੋ ਜਾਵੇਗੀ । ਕਈ ਤਰ੍ਹਾਂ ਦੇ ਸੰਭਾਲ ਸਹਾਰੇ ਜਨ ਅਤੇ ਕਈ ਤਰ੍ਹਾਂ ਦੀ ਮੁਹਾਰਤਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ । ਇਕ ਅਸਮਰੱਥ ਵਿੱਅਕਤੀ ਆਪਣੀ ਮਰਜੀ ਅਨੁਸਾਰ ਸੋਹਣਾਂ ਜੀਵਨ ਜੀ ਸਕਦਾ ਹੈ ।

ਅਸਟਰੇਲੀਆ ਵਿੱਚ ਬਹੁਤ ਸੇਵਾਵਾਂ ਉਪਲਬਧ ਹਨ ਜੋ ਪਰਿਵਾਰਾਂ , ਬੱਚੇ, ਜਵਾਨ ਵਿੱਅਕਤੀ ਅਤੇ ਅਸਮਰੱਥ ਬਿਰਧ ਵਿੱਅਕਤੀ ਅਤੇ ਓਨ੍ਹਾਂ ਦੇ ਪਰਿਵਾਰਾਂ ਨੂੰ ਆਸਰਾ ਪ੍ਰਦਾਨ ਕਰਦੀਆਂ ਹਨ । ਮੁਸ਼ਕਲ ਇੱਹ ਹੈ ਕਿ ਤੁਹਾਨੂੰ ਨਹੀਂ ਪਤਾ ਕਿ ਕਿਥੋਂ ਸ਼ੁਰੂਆਤ ਕਰੀਐ , ਕਿਥੋਂ ਪੁੱਛੀਐ , ਇਥੋਂ ਤਕ ਕਿ ਕੀ ਪੁੱਛੀਐ । ਇਹ ਠੀਕ ਹੈ ਕਿ ਤੁਸੀਂ ਆਸਾਨ ਰੋਜਾਨਾ ਵਰਤੋਂ ਵਾਲੀ ਭਾਸ਼ਾ ਵਰਤ ਕੇ ਆਪਣੇ ਬਾਰੇ ਦੱਸੋ । ਸਰਲ ਸ਼ਬਦਾਂ ਦੀ ਵਰਤੋਂ ਨਾਲ ਦੱਸੋ ਕਿ ਕੀ ਹੋਇਆ ਹੈ । ਇਸ ਤਰ੍ਹਾਂ ਹਰ ਵਿੱਅਕਤੀ ਨੂੰ ਸਮਝ ਆਵੇਗੀ ।

ਅਸਟਰੇਲੀਆ ਵਿੱਚ ਕਿਸੇ ਵਿੱਅਕਤੀ ਨਾਲ ਉਸਦੀ ਅਸਮਰੱਥਤਾ , ਨਸਲੀ ਪਿਛੋਕੜ , ਲਿੰਗ ਭੇਦ ਜਾਂ ਧਰਮ ਕਾਰਣ ਪੱਖਪਾਤੀ ਸਲੂਕ ਕਰਨਾ ਗੈਰ ਕਾਨੂੰਨੀ ਹੈ ।

ਜੇ ਤੁਸੀਂ ਅੰਗਰੇਜੀ ਨਹੀਂ ਬੋਲ ਸਕਦੇ ਤਾਂ ਵੀ ਤੁਸੀਂ ਸਾਨੂੰ ਸੰਪਰਕ ਕਰ ਸਕਦੇ ਹੋ । ਇਸ ਸੇਵਾ ਲਈ ਤੁਹਾਨੂੰ Translating and Interpreting Service (TIS) ਨੂੰ 131450 ਤੇ ਫੋਨ ਕਰਨਾ ਪਵੇਗਾ , ਅਤੇ ਦੱਸਣਾ ਪਵੇਗਾ ਕਿ ਤੁਸੀਂ ਕਿਥੇ ਹੋ ਅਤੇ ਕਿਹੜੀ ਭਾਸ਼ਾ ਬੋਲਦੇ ਹੋ । ਜੇ ਤੁਸੀਂ ਇਸਨੂੰ ਅੰਗਰੇਜੀ ਵਿੱਚ ਬੋਲ ਸਕਦੇ ਹੋ ਤਾਂ ਇਹ ਆਸਾਨ ਹੋਵੇਗਾ ਪਰ ਜੇ ਨਹੀਂ ਤਾਂ ਦੁਭਾਸ਼ੀਆ ਤੁਹਾਡੀ ਮਦਦ ਕਰੇਗਾ । ਉਪਰੰਤ ਦੁਭਾਸ਼ੀਆ ਅਤੇ ਤੁਸੀਂ ਮਿਲਕੇ ਸਾਨੂੰ IDEAS ਤੇ 02 69473377 ਨੰਬਰ ਤੇ ਸਵੇਰੇ 9:00 am ਅਤੇ ਸ਼ਾਮ 5:00 p.m ਵਿਚਕਾਰ ਫੋਨ ਕਰੋਗੇ । ਦੁਭਾਸ਼ੀਆ ਅਤੇ IDEAS ਮਿਲਕੇ ਇਸ ਨੰਬਰ ਤੇ ਤੁਹਾਡੇ ਨਾਲ ਗੱਲ ਕਰਨਗੇ ।ਇਕ ਪੇਸ਼ਾਵਰ ਵਾਂਗ , ਦੁਭਾਸ਼ੀਆ ਨੂੰ ਸਭ ਕੁਝ ਗੁਪਤ ਰਖਣਾ ਪੈਂਦਾ ਹੈ । ਦੁਭਾਸ਼ੀਆ ਨੂੰ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀ ਕੋਈ ਗੱਲ ਕਿਸੇ ਨੂੰ ਵੀ ਦੱਸਣ ਦੀ ਇਜਾਜ਼ਤ ਨਹੀਂ ਹੈ, ਜਦੋਂ ਤਕ ਕਿ ਤੁਹਾਡੀ ਪਰਵਾਨਗੀ ਨਹੀਂ ਮਿਲਦੀ ਜਾਂ ਫਿਰ ਬੱਚਾ ਖਤਰੇ ਵਿੱਚ ਹੋਵੈ । ਬਹੁਤ ਕਿਸਮ ਦੀਂ ਮਦਦ ਸੇਵਾਵਾਂ ਤੁਹਾਨੂੰ ਉਪਲਬਧ ਹਨ , ਇਸ ਲਈ ਬਹੁਤ ਜਰੂਰੀ ਹੈ ਕਿ ਤੁਸੀਂ ਪੁੱਛਦੇ ਰਹੋ :

**ਤੁਸੀਂ ਹੋਰ ਕਿਹੜੀ ਜਾਣਕਾਰੀ ਮੈਨੂੰ ਪ੍ਰਦਾਨ ਕਰ ਸਕਦੇ ਹੋ ਜੋ ਮੇਰੇ ਬੱਚੇ ਨੂੰ , ਮੇਰੇ ਮਾਪਿਆਂ ਨੂੰ ਅਤੇ ਮੇਰੇ ਪਰਿਵਾਰ ਨੂੰ ਮਦਦ ਕਰ ਸਕਦੀ ਹੈ ?**

**1800 029 904**

**131 450**

**ਮੁਫਤ SMS 0458 296 602**

ਇਸ ਵੈਬਸਾਈਟ ਤੇ ਆਪਣੀ ਭਾਸ਼ਾ ਦੇ ਸਾਧਨ ਵਰਤੋਂ ਲਈ , ਹੋਮ ਪੇਜ਼ ਤੇ ਸੱਰਚ ਬੋਕਸ ਵਿਖੇ ਆਪਣੀ ਭਾਸ਼ਾ ਲਿਖੋ ਅਤੇ ਏੈਂਨਟਰ ਬਟਨ ਦਬਾਉ । ਸਾਰੇ ਪੰਜਾਬੀ ਦੇ ਸਾਧਨ ਤੁਹਾਡੀ ਸਕਰੀਨ ਮੂਹਰੇ ਆ ਜਾਣਗੇ । ਜੇ ਤੁਸੀਂ ਕੁਝ ਹੋਰ ਸਾਧਨ ਦੀ ਖੋਜ ਕਰ ਰਹੇ ਹੋ , ਤਾਂ ਵਿਚਕਾਰਲੇ ਲਾਲ ਬਟਨ ਦੀ ਵਰਤੋਂ ਕਰੋ ਅਤੇ ਅੱਗੇ ਵਧੋ , ਪਰ ਅਸੀਂ ਹਮੇਸ਼ਾ ਤੁਹਾਡੇ ਨਾਲ ਸਵੇਰੇ 9:00 am ਅਤੇ ਸ਼ਾਮ 5:00 p.m ਵਿਚਕਾਰ **ਸੋਮਵਾਰ ਤੋਂ** ਸ਼ੁਕਰਵਾਰ ਤਕ ਗੱਲ ਕਰਕੇ ਖੁਸ਼ ਹਾਂ , SMS ਰਾਹੀਂ ਜਾਂ ਈ-ਮੇਲ ਰਾਹੀਂ ਤੁਹਾਨੂੰ ਵਧੀਆ ਜਾਣਕਾਰੀ ਦੇਣ ਦੀ ਕੋਸ਼ਸ਼ ਕਰਾਂ ਗੇ ।

ਤੁਸੀਂ ਨੇਸ਼ਨਲ ਰੀਲੇ ਸਰਵਿਸ ਦੀ ਵਰਤੋਂ ਵੀ ਕਰ ਸਕਦੇ ਹੋ ਜੋ ਕਿ ਫੋਨ ਉਪਾ ਹੈ ਉਨ੍ਹਾਂ ਵਿੱਅਕਤੀਆਂ ਲਈ ਜੋ ਗੂੰਗੇ ਜਾਂ ਜਿਨ੍ਹਾਂ ਨੂੰ ਸੁਨਣ ਜਾਂ ਬੋਲਣ ਦੀ ਕਮਜ਼ੋਰੀ ਹੈ ।www.relayservice.gov.au

## 24-ਘੰਟੇ ਰੀਲੇ ਕਾਲ ਨੰਬਰ

- **TTY/voice calls ( ਟੀ ਟੀ ਵਾਈ / ਵੌਅਸ ਕਾਲਸ )**

  **133 677**

- **Speak & Listen( ਬੋਲਣਾ ਅਤੇ ਸੁਨਣਾ )**

  **1300 555 727**

- **SMS relay(SMS ਰੀਲੇ)**

  **0423 677 767**